# ਰੋਜਾਨਾ ਕਰਾਈਮ ਡਾਇਰੀ
# ਮਿਤੀ 29-10-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਮੌਕੇ ਤੇ ਵਕੂਆ ਦੀ ਵੀਡੀਓਗ੍ਰਾਫੀ ਕੀਤੀ ਗਈ,ਰਿਕਵਰੀ ਦੀ ਵੀਡੀਓਗ੍ਰਾਫੀ ਕੀਤੀ ਗਈ: | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|---|
| 1. | ਅਜਨਾਲਾ | 215 ਮਿਤੀ 28-10-2024 ਜੁਰਮ 10,11,12 Aircraft Act | Bijay Kumar Panidt ,AC , Coy Comdr 'F' Coy 183 Bn BSF BOP Kalam Dogar | ਨਾਮਲੂਮ | ਮਨ SI ਹਾਜਰ ਥਾਣਾ ਸੀ ਕਿ ਇਕ ਪੱਤਰ No. Ops/UAV Drone /F Coy/183 Bn/2024/648 Ofifce of the Coy Comdr 'F' Coy 183 Bn BSF BOP Kalam Dogar ਵੱਲੋ Bijay Kumar Panidt ,AC , Coy Comdr 'F' Coy 183 Bn BSF BOP Kalam Dogar ਥਾਣਾ ਮੌਸੂਲ ਹੋਇਆ ,ਜੋ ਪੱਤਰ ਦੇ ਮਜਬੂਨ ਇਸ ਪ੍ਰਕਾਰ ਹੈ No. Ops/UAV Drone /F Coy/183 Bn/2024/648 Office of the Coy Comdr 'F' Coy 183 Bn BSF BOP Kalam Dogar Dated 28 October To The Station House Officer Police Station, Ajnala Amritsar, Punjab Sub :- LODGING FIRST INFORMATION REPORT U/S 154 CRPC Sir, It is to inform that on dated 27/10/2024 at about 0628 hrs, ADS (Anti Drone System) which is installed at BOP Shapur (EX-117 Bn BSF) was detected a suspected flying object in front of the AOR of BOP Kalam Dogar between BP ref No 68 to 69. 2. During the search operation (consisting of 51 BSF pers) from 27 0700 hrs to 27 1030 hrs nothing suspicious was found. 3. After completion of search at about 1300 hrs, A farmer namely Mukhtar Singh S/o Kartar Singh R/o Khanwal harvesting in his field informed to OP No.3A of BOP Kalam Dogar that a drone laying in his field on own side of BS fence in AOR of BOP Kalam Dogar in the alignment of BP No.69/7S. 4. OP No.3A immediately informed the matter to Coy Comdr. Coy Comdr of BOP Kalam Dogar immediately rushed to the spot, cordoned the area. After Anti-sabotage Exercise Search Party recovered 01 improvised (assembled) Drone (Quad-Copter)marked on DS-15MG-180 BTY and 01 Camera with 02 Flash Light from the search area behind the BS fence. 5. In view of above, it is requested that an FIR be lodged and a copy of the FIR provided to us for our further necessary action. 6. Looking forward to your kind assistance on the matter ਜੋ ਪੱਤਰ ਦੇ ਮਜਬੂਨ ਤੋ ਧਾਰਾ 10,11,12 Aircraft Act 1934 ਦਾ ਹੋਣਾ ਪਾਇਆ ਜਾਦਾ ਹੈ।ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 01 improvised (assembled) Drone (Quad-Copter)marked on DS-15MG-180 BTY and 01 Camera with 02 Flash Light | --- | SI ਅਰਜੁਨ ਕੁਮਾਰ 8427753390 |
| 2. | ਅਜਨਾਲਾ | 216 ਮਿਤੀ 28-10-2024 U/S 64 BNS | ਅਮਰੀਕੋ ਪਤਨੀ ਲੇਟ ਕੁਲਵੰਤ ਸਿੰਘ ਵਾਸੀ ਖਾਨਵਾਲ ਹਾਲ ਪੁੱਤਰੀ ਬੀਰ ਸਿੰਘ ਵਾਸੀ ਕੱਚਾ ਡੱਲਾ ਰਾਜਪੂਤਾਂ ਉਮਰ 30 ਸਾਲ 9815762320 | ਜਸਮੇਲ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਅਬਾਦੀ ਬਾਬਾ ਗਮ ਚੁੱਕ ਬੱਲੜਵਾਲ **(ਗ੍ਰਿਫਤਾਰੀ ਨਿੱਲ)** | ਮੁਦਈਆ ਨੇ ਬਿਆਨ ਕੀਤਾ ਕਿ ਮੈਂ ਆਪਣੇ ਲੜਕੇ ਰਾਜਾ ਸਮੇਤ ਆਪਣੇ ਪੇਕੇ ਪਿੰਡ ਡੱਲਾ ਰਾਜਪੂਤਾਂ ਰਹਿਣ ਲੱਗ ਪਈ। ਇਸੇ ਦੌਰਾਨ ਮੇਰੇ ਜਸਮੇਲ ਸਿੰਘ ਨਾਲ ਪ੍ਰੇਮ ਸਬੰਧ ਬਣ ਗਏ ਜੋ ਮੈਨੂੰ ਮੇਰੇ ਚੰਗੇ ਭਵਿੱਖ ਅਤੇ ਮੇਰੇ ਲੜਕੇ ਰਾਜੇ ਦੇ ਪਾਲਣ ਪੋਸ਼ਣ ਦਾ ਭਰੋਸਾ ਦੇ ਕੇ ਮੇਰੇ ਨਾਲ ਸਰੀਰਕ ਸਬੰਧ ਬਣਾਉਣ ਲੱਗ ਪਿਆ ਤੇ ਪਿਛਲੇ 6 ਸਾਲ ਤੋਂ ਮੇਰੇ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ ਫਿਰ ਜਸਮੇਲ ਸਿੰਘ ਸਾਲ 2019 ਵਿਚ ਫੌਜ ਵਿਚ ਭਰਤੀ ਹੋ ਗਿਆ ਜੋ ਮੇਰੇ ਨਾਲ ਘੱਟ ਵੱਧ ਗੱਲ ਕਰਨ ਲੱਗ ਪਿਆ ਤੇ ਜਦੋਂ ਵੀ ਛੁੱਟੀ ਆਉਂਦਾ ਤੇ ਮੈਨੂੰ ਮਿਲ ਕੇ ਜਾਂਦਾ ਜੋ ਮੇਰੇ ਨਾਲ ਵਿਆਹ ਕਰਾਉਣ ਦਾ ਭਰੋਸਾ ਦਿੰਦਾ ਰਿਹਾ। ਫਿਰ ਜਸਮੇਲ ਸਿੰਘ ਮਾਰਚ ਮਹੀਨੇ ਵਿਚ ਪਿੰਡ ਛੁੱਟੀ ਆਇਆ ਹੋਇਆ ਸੀ ਜੋ ਮੈਨੂੰ ਮਿਤੀ 26/03/2024 ਨੂੰ ਰਾਤ ਵਕਤ ਕਰੀਬ 11:30 ਵਜੇ ਰਾਤ ਸਾਡੇ ਘਰ ਆਇਆ ਜਿਸ ਨੇ ਮੇਰੇ ਨਾਲ ਫਿਰ ਸਰੀਰਕ ਸਬੰਧ ਬਣਾਏ ਤੇ ਫਿਰ ਵਾਪਸ ਡਿਊਟੀ ਚਲਾ ਗਿਆ ਤੇ ਹੁਣ ਜਸਮੇਲ ਸਿੰਘ ਨੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਲਿਆ ਹੈ।ਜਸਮੇਲ ਸਿੰਘ ਮੈਨੂੰ ਵਰਗਲਾ ਕੇ ਮੇਰੇ ਨਾਲ ਪਿਛਲੇ 6 ਸਾਲ ਤੋਂ ਸਰੀਰਕ ਸਬੰਧ ਬਣਾਉਂਦਾ ਰਿਹਾ ਹੈ ਤੇ ਹੁਣ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾ ਲਿਆ ਹੈ। ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | --- | | SI ਕਮਲਪ੍ਰੀਤ ਕੌਰ 21-CP ASR |
| 3. | ਘਰਿੰਡਾ | 256 ਮਿਤੀ 28/10/2024 ਜੁਰਮ | SI ਕੁਲਵੰਤ ਸਿੰਘ 700 7517513113 | ਬਲਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ | ਮਨ SI ਸਮੇਤ ਪੁਲਿਸ ਪਾਰਟੀ ਘਰਿੰਡਾ ਚੌਕ ਗਸਤ ਵਾ ਤਲਾਸ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਮੋਜੂਦ ਸੀ ਤਾ ਇਕ ਮੋਟਰਸਾਈਕਲ ਮਾਰਕਾ ਪਲਟੀਨਾ ਨੰਬਰੀ PB-02-CH-1490 ਪਿੰਡ ਲਹੋਰੀਮੱਲ ਵੱਲੋ ਆਇਆ, | 70 ਗ੍ਰਾਮ ਹੈਰੋਇੰਨ ਸਮੇਤ | ਵੀਡੀਓਗ੍ਰਾਫੀ ਕੀਤੀ ਗਈ | SI ਕੁਲਵੰਤ ਸਿੰਘ/700 |

| | | | | | | | | |
|---|---|---|---|---|---|---|---|---|
| | | 21/61/85 NDPS ACT | | ਚੀਚਾ (ਗ੍ਰਿਫਤਾਰ) | ਜਿਸ ਨੂੰ ਇਕ ਮੋਨਾ ਨੋਜਵਾਨ ਚਲਾ ਰਿਹਾ ਸੀ, ਜਿਸਨੂੰ ਰੁਕਣ ਦਾ ਇਸਾਰਾ ਕੀਤਾ, ਜਿਸ ਨੇ ਮੋਟਰਸਾਈਕਲ ਨੂੰ ਰੋਕਨ ਦੀ ਬਿਜਾਏ ਆਪਣਾ ਮੋਟਰਸਾਈਕਲ ਪਿੱਛੇ ਨੂੰ ਮੋੜ ਕੇ ਭਜਾਉਣ ਲੱਗਾ, ਤਾ ਮੋਟਰਸਾਈਕਲ ਅਚਾਨਕ ਸਲਿਪ ਹੋ ਕੇ ਡਿੱਗ ਪਿਆ ਅਤੇ ਬੰਦ ਹੋ ਗਿਆ, ਜਿਸ ਤੇ ਮੋਟਰਸਾਈਕਲ ਚਾਲਕ ਉੱਠ ਕੇ ਭੱਜਣ ਲੱਗੇ ਨੇ ਆਪਣੀ ਪਹਿਨੀ ਹੋਈ ਜੀਨ ਦੀ ਪੈਟ ਦੀ ਸੱਜੀ ਜੇਬ ਵਿੱਚੋ ਇਕ ਪਾਰਦਰਸੀ ਮੋਮੀ ਲਿਫਾਫਾ ਰੰਗ ਚਿੱਟਾ ਜਿਸ ਵਿੱਚ ਕੋਈ ਵਜਨਦਾਰ ਚੀਜ ਸੀ, ਸੁੱਟਣ ਲੱਗੇ ਨੂੰ ਕਾਬੂ ਕਰਕੇ ਉਸਦੇ ਸੱਜੇ ਹੱਥ ਵਿੱਚ ਫੜੇ ਹੋਏ ਪਾਰਦਰਸੀ ਮੋਮੀ ਲਿਫਾਫਾ ਰੰਗ ਚਿੱਟਾ ਨੂੰ ਚੈਕ ਕਰਨ ਤੇ ਉਸ ਵਿੱਚੋ 70 ਗ੍ਰਾਮ ਹੈਰੋਇੰਨ ਬ੍ਰਾਮਦ ਹੋਈ । | ਮੋਮੀ ਲਿਫਾਫਾ ਅਤੇ ਇੱਕ ਮੋਟਰਸਾਈਕਲ | | 7517513113 |
| 4. | ਮਹਿਤਾ | 100 ਮਿਤੀ 28-10-2024 ਜੁਰਮ 115(2),118(1), 3(5) BNS | ਗੁਰਦੀਪ ਸਿੰਘ ਪੁੱਤਰ ਪਾਲ ਸਿੰਘ ਵਾਸੀ ਚੂੰਘ ਥਾਣਾ ਮਹਿਤਾ 9872947769 | 1.ਕਰਨਬੀਰ ਸਿੰਘ ਪੁੱਤਰ ਕਾਬਲ ਸਿੰਘ<br>2.ਹਰਪ੍ਰੀਤ ਸਿੰਘ ਪੁੱਤਰ ਮੰਗਲ ਸਿੰਘ<br>3. ਨਿਸ਼ਾਨ ਸਿੰਘ ਪੁੱਤਰ ਮੰਗਲ ਸਿੰਘ<br>4. ਗਗਨਦੀਪ ਸਿੰਘ ਪੁੱਤਰ ਰਜਿੰਦਰਪਾਲ ਸਿੰਘ ਵਾਸੀਅਨ ਚੂੰਘ<br>(ਗ੍ਰਿਫਤਾਰੀ ਨਿੱਲ) | ਮੁਦਈ ਨੇ ਬਿਆਨ ਕੀਤਾ ਕਿ ਉਹ ਆਪਣੇ ਭਤੀਜੇ ਅਭੇ ਨਾਲ ਮਿਤੀ 17-10-2024 ਨੂੰ ਬਜਾਰ ਮਹਿਤਾ ਤੋ ਵਕਤ 9-00 ਵਜੇ ਰਾਤ ਦੁੱਧ ਲੇ ਕੇ ਮੋਟਰਸਾਈਕਲ ਪਰ ਘਰ ਆ ਰਿਹਾ ਸੀ ਕਿ ਘਰ ਤੋ ਪਹਿਲਾਂ ਗਲੀ ਵਿੱਚ ਕਵਲਜੀਤ ਕੌਰ ਅਤੇ ਉਸਦਾ ਬੇਟਾ ਕਰਨਬੀਰ ਸਿੰਘ ਮੰਜਾ ਡਾਹ ਕੇ ਬੈਠੇ ਸੀ ਜੋ ਮੁਦਈ ਵੱਲੋ ਹਾਰਨ ਮਾਰਨ ਤੇ ਅਤੇ ਫਿਰ ਕਹਿਣ ਤੇ ਕਿ ਚਾਚੀ ਮੰਜਾ ਅੰਦਰ ਕਰਿਓ ਅਸੀ ਲੰਘਣਾ ਹੈ ਜਿਸ ਤੇ ਕਰਨਬੀਰ ਸਿੰਘ ਅਤੇ ਇਹਨਾਂ ਘਰ ਪਹਿਲਾਂ ਤੋ ਬੈਠੇ ਹਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਗਗਨਦੀਪ ਸਿੰਘ ਵਾਸੀਅਨ ਚੰਘ ਜਿੰਨਾਂ ਪਾਸ ਦਾਤਰ ਸੀ ਆ ਕੇ ਮੁਦਈ ਦੇ ਗਲ ਪੈ ਗਏ ਤੇ ਦਾਤਰ ਮਾਰ ਕੇ ਜਖਮੀ ਕਰ ਦਿੱਤਾ ਜੋ ਕਿ ਸਵਾਰੀ ਦਾ ਪਰਬੰਦ ਕਰਕੇ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਦਾਖਲ ਕਰਵਾਇਆ ਜੋ ਕਿ ਮੁਦਈ ਨੇ ਅੱਜ ਆਪਣੇ ਬਿਆਨ ਦਰਜ ਕਰਵਾਏ ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | ------ | ------ | ASI ਹਰਦੀਪ ਸਿੰਘ 1610 9780003375 |
| 5. | ਕੰਬੋਅ | 219 ਮਿਤੀ 28-10-2024 ਜੁਰਮ318(4) BNS | ਕੁਲਵਿੰਦਰ ਕੌਰ ਪਤਨੀ ਹਰਮਜੀਤ ਸਿੰਘ ਵਾਸੀ ਪਿੰਡ ਛਿੱਡਣ ਉਮਰ 35 ਸਾਲ 98525-21114 | ਭਗਵੰਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਕਟੋਰੇਵਾਲਾ ਜਿਲਾ ਮੁਕਤਸਰ (ਗ੍ਰਿਫਤਾਰੀ ਨਿੱਲ) | ਦਰਖਾਸਤ ਨੰਬਰੀ 657/ਏ.ਪੀ ਮਿਤੀ 03-05-2024 ਸਮੇਤ ਇੰਨਕੁਆਰੀ ਰਿਪੋਰਟ ਮੌਸੂਲ ਥਾਣਾ ਹੋਈ ਜੋ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮ੍ਹੀਕੋਟ ਕਲਾ ਦੀ ਰਹਿਣ ਵਾਲੀ ਹਾ ਅਤੇ ਪਿੰਡ ਛਿੱਡਣ ਥਾਣਾ ਲੋਪੋਕੇ ਵਿਆਹੀ ਹੋਈ ਹਾ ਮੇਰੇ ਪਿਤਾ ਦੀ ਮੌਤ ਸੰਨ 2006 ਵਿੱਚ ਹੋ ਗਈ ਸੀ ਤੇ ਮੇਰੀ ਮਾਤਾ ਜੀ ਨੇ ਰਿਸਤੇਦਾਰੀ ਵਿੱਚੋ ਭਗਵੰਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਕਟੋਰੇਵਾਲਾ ਜਿਲਾ ਮੁਕਤਸਰ ਨੂੰ ਆਪਣਾ ਪੁੱਤ ਬਣਾ ਕੇ ਆਪਣੇ ਘਰ ਰੱਖਿਆ ਸੀ । ਜੋ ਭਗਵੰਤ ਸਿੰਘ ਉਕਤ ਨੇ ਧੋਖੇ ਨਾਲ ਮੇਰੀ ਮਾਤਾ ਕੋਲੋ ਕੁੱਝ ਜਮੀਨ ਆਪਣੇ ਨਾਮ ਲਿਖਵਾ ਕੇ ਧੋਖਾ ਕੀਤਾ ਹੈ । ਜਿਸਤੇ ਦੋਸੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | ------ | ------ | SI ਮਨਜੀਤ ਸਿੰਘ 1312 9988249065 |
| 6. | ਭਿੰਡੀਸੈਦਾ | 124 ਮਿਤੀ 28-10-24 ਜੁਰਮ 303(2),317(2) BNS | ASI ਗੁਰਜੀਤ ਸਿੰਘ/1878 8196806047 | ਕੁਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਝੁੰਜਾ (ਗ੍ਰਿਫਤਾਰ) | ਮਨ ASI ਸਮੇਤ ਸਾਥੀ ਕਚਮਾਰੀਆਂ ਗਸਤ ਵਾ ਤਲਾਸ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਅੱਡਾ ਭਿੰਡੀ ਸੈਦਾ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੁਲਜੀਤ ਸਿੰਘ ਜੋ ਮੋਟਰ ਸਾਇਕਲ ਚੋਰੀ ਕਰਕੇ ਅੱਗੇ ਵੇਚਣ ਦਾ ਧੰਦਾ ਕਰਦਾ ਹੈ ਜੋ ਅੱਜ ਵੀ ਇੱਕ ਚੋਰੀ ਦੇ ਮੋਟਰ ਸਾਇਕਲ ਪਰ ਸਵਾਰ ਹੋ ਕੇ ਪਿੰਡ ਵਰਿਆਹ ਸਾਇਡ ਤੋ ਪਿੰਡ ਭਿੰਡੀ ਸੈਦਾ ਵੱਲ ਨੂੰ ਆ ਰਿਹਾ ਹੈ ਜੇਕਰ ਚੰਗੀ ਤਰਾ ਨਾਕਾ ਬੰਦੀ ਕਰਕੇ ਚੈਕਿੰਗ ਕੀਤੀ ਜਾਵੇ ਤਾ ਉਕਤ ਵਿਅਕਤੀ ਚੋਰੀ ਦੇ ਮੋਟਰ ਸਾਇਕਲ ਸਮੇਤ ਕਾਬੂ ਆ ਸਕਦਾ ਹੈ ਜਿਸ ਤੇ ਨਾਕਾਬੰਦੀ ਦੋਰਾਨ ਦੋਸ਼ੀ ਉਕਤ ਨੂੰ ਕਾਬੂ ਕਰਕੇ ਉਸ ਕੋਲੋਂ ਮੋਟਰ ਸਾਇਕਲ ਦੇ ਕਾਗਜਾਤ ਸਬੰਧੀ ਪੁੱਛਿਆ ਗਿਆ ਪ੍ਰੰਤੂ ਉਕਤ ਵਿਅਕਤੀ ਮੋਟਰ ਸਾਇਕਲ ਦੇ ਕਾਗਜਾਤ ਸਬੰਧੀ ਕੋਈ ਵੀ ਤਸੱਲੀ ਜੁਵਾਬ ਨਹੀ ਦੇ ਸਕਿਆ ਜਿਸ ਨੂੰ ਸਖਤੀ ਨਾਲ ਪੁੱਛਣ ਤੇ ਉਸਨੇ ਦੱਸਿਆ ਕਿ ਉਸਨੇ ਇਹ ਮੋਟਰ ਸਾਇਕਲ ਪਿੰਡ ਕੋਟਲੀ ਦੁਸੰਧੀ ਤੋ ਪਿੰਡ ਛੰਨ ਕੁਹਾਲੀ ਨੂੰ ਜਾਦੀ ਸੜਕ ਤੋ ਚੋਰੀ ਕੀਤਾ ਹੈ ਅਤੇ ਹੁਣ ਇਹ ਮੋਟਰ ਸਾਇਕਲ ਅੱਗੇ ਕਿਸੇ ਨੂੰ ਵੇਚਣ ਵਾਸਤੇ ਜਾ ਰਿਹਾ ਸੀ ।ਜਿਸ ਤੇ ਮੁਕੱਦਮਾ ਉਕੱਤ ਦਰਜ ਰਜਿਸਟਰ ਕੀਤਾ ਗਿਆ। | ਪਲਟੀਨਾ ਮੋਟਰ ਸਾਇਕਲ ਬਿਨਾ ਨੰਬਰ | ਕੀਤੀ ਗਈ ਹੈ | ASI ਗੁਰਜੀਤ ਸਿੰਘ/1878 8196806047 |
| 7. | ਬਿਆਸ | 212 ਮਿਤੀ 28-10-2024 ਜੁਰਮ 25-54-59 Arms Act | ASI ਸਮਸ਼ੇਰ ਸਿੰਘ/1536 9780003582 | 1.ਗੁਰਪ੍ਰੀਤ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਖਿਦੋਵਾਲੀ ਥਾਣਾ ਮੱਤੇਵਾਲ<br>2.ਗੁਰਪ੍ਰੀਤ ਸਿੰਘ ਬਾਬਾ ਪੁੱਤਰ ਬਲਵਿੰਦਰ ਸਿੰਘ ਵਾਸੀ ਬਾਬੋਵਾਲ ਥਾਣਾ ਕੱਥੁਨੰਗਲ (ਗ੍ਰਿਫਤਾਰ) | ਮਨ ASI ਸਮੇਤ ਸਾਥੀ ਕਰਮਚਾਰੀਆ ਗਸਤ ਦੇ ਸਬੰਧ ਵਿੱਚ ਰੋਹੀ ਪੁੱਲ ਬਿਆਸ ਮੌਜੂਦ ਸੀ ਕਿ ਦੋਰਾਨੇ ਗਸਤ ਦੋ ਨੌਜਵਾਨ ਜੋ ਕਿ ਨਿਹੰਗ ਸਿੰਘ ਬਾਣੇ ਵਿੱਚ ਸਨ ਮੋਟਰਸਾਈਕਲ ਸਪਲੈਂਡਰ PB02-DR-9776 ਆਓਦੇ ਦਿਖਾਈ ਦਿਤਾ ਜਿੰਨਾ ਨੂੰ ਸ਼ੱਕ ਦੇ ਬਿਨਾਹ ਤੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਜੋ ਮੋਟਰਸਾਈਕਲ ਚਾਲਕ ਗੁਰਪ੍ਰੀਤ ਸਿੰਘ ਦੀ ਤਲਾਸ਼ੀ ਕੀਤੀ ਜਿਸ ਪਾਸੋ ਇੱਕ ਪਿਸਟਲ ਦੇਸੀ 32 ਬੋਰ ਸਮੇਤ ਮੈਗਜੀਨ ਬ੍ਰਾਮਦ ਹੋਇਆ ਅਤੇ ਪਿਸਟਲ ਅਨਲੋਡ ਕਰਨ ਤੇ 02 ਰੋਂਦ ਜਿੰਦਾ 32 ਬੋਰ ਬਰਾਮਦ ਹੋਏ ਅਤੇ ਪਿਛੇ ਬੈਠੇ ਨੋਜਵਾਨ ਗੁਰਪ੍ਰੀਤ ਸਿੰਘ ਦੀ ਤਲਾਸ਼ੀ ਕਰਨ ਤੇ ਕੁੱਝ ਵੀ ਬਰਾਮਦ ਨਹੀ ਹੋਇਆ ਜਿਸਤੇ ਮੁੱਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | ਇੱਕ ਪਿਸਟਲ ਦੇਸੀ 32 ਬੋਰ ਸਮੇਤ ਮੈਗਜੀਨ, 02 ਰੋਂਦ ਜਿੰਦਾ 32 ਬੋਰ ਅਤੇ ਇੱਕ ਮੋਟਰ-ਸਾਈਕਲ | ਜੀ ਹਾ | ASI ਸਮਸ਼ੇਰ ਸਿੰਘ/1536 9780003582 |

ਸਹੀ/-
ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)

ਮਿਤੀ 29-10-2024